# India appointed External Auditor of the Organisation for the Prohibition of Chemical Weapons (OPCW)

April 21, 2021

…………………………………………………………………………………………..

# ਭਾਰਤ ਕੈਮੀਕਲ ਹਥਿਆਰ ਦੀ ਮਨਾਹੀ ਸੰਗਠਨ (OPCW) ਦਾ ਬਾਹਰੀ ਆਡੀਟਰ ਨਿਯੁਕਤ

21 ਅਪ੍ਰੈਲ, 2021

ਦ ਹੇਗ ਵਿੱਚ ਹੋਈ ਕੈਮੀਕਲ ਹਥਿਆਰ ਮਨਾਹੀ ਸੰਗਠਨ (OPCW) ਦੇ ਭਾਗੀਦਾਰ ਮੁਲਕਾਂ ਦੀ ਕਾਨਫ਼ਰੰਸ ਵਿੱਚ 2021 ਤੋਂ ਲੈਕੇ ਤਿੰਨ ਸਾਲਾਂ ਦੇ ਕਾਰਜਕਾਲ ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ (CAG) ਨੂੰ OPCW ਦਾ ਬਾਹਰੀ ਆਡੀਟਰ ਚੁਣਿਆ ਗਿਆ ਹੈ। ਇਹ ਨਿਯੁਕਤੀ ਇੱਕ ਚੋਣ ਪ੍ਰਕ੍ਰਿਆ ਰਾਹੀਂ ਹੋਈ ਅਤੇ OPCW ਕਾਨਫਰੰਸ ਵਿੱਚ ਭਾਰਤ ਨੂੰ ਬਾਹਰੀ ਆਡੀਟਰ ਨਿਯੁਕਤ ਕੀਤੇ ਜਾਣ ਸਬੰਧੀ ਹੋਰਨਾਂ ਤੋਂ ਵੱਧ ਭਾਰੀ ਸਮਰਥਨ ਮਿਲਿਆ। ਭਾਰਤ ਦੀ ਚੋਣ ਅੰਤਰਰਾਸ਼ਟਰੀ ਭਾਈਚਾਰੇ ਦਰਮਿਆਨ ਇਸਦੇ ਵੱਕਾਰ ਅਤੇ ਪੇਸ਼ੇਵਰਤਾ, ਉੱਚ ਮਿਆਰਾਂ, ਵਿਸ਼ਵ ਪੱਧਰੀ ਤਜ਼ਰਬੇ ਅਤੇ ਭਾਰਤ ਦੇ CAG ਦੁਆਰਾ ਪੇਸ਼ ਕੀਤੇ ਗਏ ਪ੍ਰਤੀਯੋਗੀ ਦਾਅਵੇ ਨੂੰ ਦਰਸਾਉਂਦੀ ਹੈ।

OPCW ਭਾਗੀਦਾਰ ਮੁਲਕਾਂ ਦੀ ਕਾਨਫਰੰਸ ਦੌਰਾਨ ਨੂੰ ਏਸ਼ੀਆ ਗਰੁੱਪ ਦੇ ਪ੍ਰਤੀਨਿਧੀ ਵਜੋਂ ਦੋ ਸਾਲਾਂ ਲਈ OPCW ਕਾਰਜਕਾਰੀ ਪਰਿਸ਼ਦ ਦਾ ਮੈਂਬਰ ਵੀ ਚੁਣਿਆ ਗਿਆ।

ਨਵੀਂ ਦਿੱਲੀ
21 ਅਪ੍ਰੈਲ, 2021

DISCLAIMER: This is an approximate translation. The original is available in English on MEA’s website and may be referred to as the official press release.